# WHEN YOUR CHILD HAS SEPSIS:
## INFORMATION ABOUT SEPSIS, CARE AND RECOVERY

THE UNIVERSITY OF BRITISH COLUMBIA
Action on Sepsis
Research Excellence Cluster

The CENTRE for INTERNATIONAL CHILD HEALTH

Provincial Health Services Authority

CHILD HEALTH BC
LEAD BENEFACTOR
save on foods

Sepsis Canada
Suspect sepsis. Save lives. Support recovery.

Children's Health Queensland Hospital and Health Service
Queensland Government

Canadian Sepsis Foundation
Fondation Canadienne du Sepsis

SEPSIS ALLIANCE

JUNE 2023

## ਤਤਕਰਾ TABLE OF CONTENTS


| | |
|---|---|
| ਸੈਪਸਿਸ ਕੀ ਹੈ? | 3 |
| ਸੈਪਸਿਸ ਕਿਸ ਨੂੰ ਹੋ ਸਕਦੀ ਹੈ? | 3 |
| ਸੈਪਸਿਸ ਦੇ ਲੱਛਣ ਕੀ ਹਨ? | 3 |
| ਹਸਪਤਾਲ ਜਾਂ ਹੈਲਥ ਕੇਅਰ ਸੈਂਟਰ ਵਿਚ ਕੀ ਹੋਵੇਗਾ ? | 5 |
| ਮੇਰੇ ਬੱਚੇ ਨੂੰ ਘਰ ਵਿਚ ਕਿਹੋ ਜਿਹੀ ਦੇਖਭਾਲ ਚਾਹੀਦੀ ਹੋਵੇਗੀ? | 7 |
| ਸੈਪਸਿਸ ਤੋਂ ਬਾਅਦ ਸਿਹਤ ਜਟਲਤਾਵਾਂ | 7 |
| ਤੁਸੀਂ ਆਪਣੇ ਬੱਚੇ ਦੀ ਸਿਹਤਯਾਬੀ ਵਿਚ ਕਿਵੇਂ ਮਦਦ ਕਰ ਸਕਦੇ ਹੋ? | 8 |
| ਤੁਸੀਂ ਆਪਣੇ ਭਾਈਚਾਰੇ ਵਿਚ ਦੇਖਭਾਲ ਲਈ ਕਿੱਥੋਂ ਮਦਦ ਲੈ ਸਕਦੇ ਹੋ? | 8 |
| ਮੈਂ ਸੈਪਸਿਸ ਬਾਰੇ ਕਿਵੇਂ ਸਮਝਾਵਾਂ? | 8 |
| ਮੈਂ ਆਪਣੇ ਲਈ ਅਤੇ ਪਰਵਾਰ ਲਈ ਕਿੱਥੋਂ ਮਦਦ ਲਵਾਂ? | 9 |
| ਮੈਂ ਨਵੀਂ ਸੈਪਸਿਸ ਇਨਫ਼ੈਕਸ਼ਨ ਨੂੰ ਕਿਵੇਂ ਰੋਕ ਸਕਦਾ ਹਾਂ? | 9 |
| ਮੈਂ ਸੈਪਸਿਸ ਬਾਰੇ ਹੋਰ ਜ਼ਿਆਦਾ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ? | 10 |
| ਸੈਪਸਿਸ ਤੋਂ ਬਾਅਦ ਘਰ ਜਾਣਾ – ਚੈੱਕ ਲਿਸਟ | 11 |


## ਬੋਲੀ ਬਾਰੇ ਸੇਵਾਵਾਂ LANGUAGE SERVICES

ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਅਨੁਵਾਦਕ ਜਾਂ ਦੁਭਾਸ਼ੀਆ ਮੁਹੱਈਆ ਕਰਵਾ ਸਕਦੀ ਹੈ। ਕਿਰਪਾ ਕਰ ਕੇ ਮੰਗ ਕਰੋ।

Arabic
Cantonese
Hindi
Mandarin
Punjabi
Tagalog

## ਸੈਪਸਿਸ ਕੀ ਹੈ? WHAT IS SEPSIS?

ਸੈਪਸਿਸ ਉਦੋਂ ਹੁੰਦਾ ਹੈ ਜਦੋਂ ਸਰੀਰ ਕਿਸੇ ਇਨਫ਼ੈਕਸ਼ਨ ਨਾਲ ਲੜਦਿਆਂ ਆਪਣੇ ਹੀ ਟਿਸ਼ੂ ਅਤੇ ਅੰਗਾਂ ਤੇ ਹਮਲਾ ਕਰਦਾ ਹੈ। ਸੈਪਸਿਸ ਕਿਸੇ ਕਿਸਮ ਦੀ ਇਨਫ਼ੈਕਸ਼ਨ (ਵਾਇਰਲ, ਬੈਕਟੀਰੀਅਲ ਜਾਂ ਫ਼ੰਗਲ) ਕਾਰਨ ਹੋ ਸਕਦਾ ਹੈ। ਇਹ ਸਰੀਰ ਦੇ ਕਈ ਹਿੱਸਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**ਸੈਪਸਿਸ ਇੱਕ ਮੈਡੀਕਲ ਐਮਰਜੈਂਸੀ ਹੈ।** ਸੈਪਸਿਸ ਤੋਂ ਛੁਟਕਾਰਾ ਪਾਉਣ ਲਈ ਸਭ ਤੋਂ ਵਧੀਆ ਹੈ ਜਲਦੀ ਇਲਾਜ ਕਰਨਾ। ਇਲਾਜ ਤੋਂ ਬਿਨਾ ਸੈਪਸਿਸ ਇਹ ਕਰ ਸਕਦਾ ਹੈ:

- ਅੰਗਾਂ ਅਤੇ ਟਿਸ਼ੂ ਨੂੰ ਨੁਕਸਾਨ (ਮਿਸਾਲ ਲਈ ਬਾਂਹਾਂ, ਲੱਤਾਂ, ਉਂਗਲੀਆਂ, ਪੈਰ ਦੀਆਂ ਉਂਗਲੀਆਂ)
- ਅੰਗਾਂ ਨੂੰ ਨੁਕਸਾਨ ਅਤੇ ਨਕਾਰਾ ਕਰਨਾ (ਮਿਸਾਲ ਲਈ ਦਿਲ, ਗੁਰਦੇ, ਫੇਫੜੇ, ਜਾਂ ਦਿਮਾਗ਼)
- ਸਥਾਈ ਅਪੰਗਤਾ
- ਮੌਤ

## ਸੈਪਸਿਸ ਕਿਸ ਨੂੰ ਹੋ ਸਕਦੀ ਹੈ? WHO CAN GET SEPSIS?

ਬਾਲਗਾਂ ਅਤੇ ਬੱਚਿਆਂ ਦੋਹਾਂ ਨੂੰ ਹੋ ਸਕਦੀ ਹੈ।

- 1 ਸਾਲ ਤੋਂ ਛੋਟੇ
- ਸਿਹਤ ਦੀਆਂ ਪੇਚੀਦਾ ਹਾਲਤਾਂ ਕਾਰਨ
- ਵਾਇਰਲ ਜਾਂ ਫ਼ਲੂ ਜਿਹੀਆਂ ਬਿਮਾਰੀਆਂ
- ਕਮਜ਼ੋਰ ਇਮਿਊਨ ਪ੍ਰਣਾਲੀ
- ਕੈਂਸਰ ਲਈ ਕੀਤੀ ਕੀਮੋਥੈਰਪੀ
- ਸੜਨ, ਜ਼ਖਮਾਂ ਜਾਂ ਚੋਟਾਂ ਕਾਰਨ
- ਸਰੀਰ ਅੰਦਰ ਪਾਏ ਯੰਤਰਾਂ ਕਾਰਨ (ਸਰੀਰ ਵਿਚ ਤਰਲ ਪਾਉਣ ਜਾਂ ਕੱਢਣ ਲਈ ਟਿਊਬ ਪਾਉਣੀ) ਜਿਵੇਂ ਲਾਈਨ ਜਾਂ ਕੈਥੇਟਰ
- ਜਿਨ੍ਹਾਂ ਦੀ ਹੁਣੇ ਸਰਜਰੀ ਹੋਈ ਹੈ ਜਾਂ ਕੋਈ ਪ੍ਰੋਸੀਜਰ ਹੋਇਆ ਹੈ
- ਜਿਨ੍ਹਾਂ ਨੂੰ ਪਹਿਲਾਂ ਸੈਪਸਿਸ ਹੋਇਆ ਹੈ

## ਸੈਪਸਿਸ ਦੇ ਲੱਛਣ ਕੀ ਹਨ? WHAT ARE THE SYMPTOMS OF SEPSIS?

ਸੈਪਸਿਸ ਆਮ ਇਨਫ਼ੈਕਸ਼ਨ ਤੋਂ ਵਧ ਸਕਦੀ ਹੈ। ਪਹਿਲਾਂ ਪਹਿਲ ਸੈਪਸਿਸ ਦੇ ਲੱਛਣ ਹਲਕੇ ਹੋ ਸਕਦੇ ਹਨ। ਤੁਹਾਡੇ ਬੱਚੇ ਵਿਚ ਠੰਢ ਜਾਂ ਫ਼ਲੂ ਜਿਹੀ ਆਮ ਇਨਫ਼ੈਕਸ਼ਨ ਜਿਹੇ ਲੱਛਣ ਹੋ ਸਕਦੇ ਹਨ। ਪਰ ਸੈਪਸਿਸ ਦੇ ਲੱਛਣ ਬਹੁਤ ਜਲਦੀ ਬਦਲ ਸਕਦੇ ਹਨ ਅਤੇ ਤੁਹਾਡਾ ਬੱਚੇ ਨੂੰ ਬਹੁਤ ਜਲਦੀ ਤੇਜ਼ ਬੁਖ਼ਾਰ ਹੋ ਸਕਦਾ ਹੈ। ਹੁੰਦੇ ਹਨ।
ਬਹੁਤ ਛੋਟੇ ਬੱਚਿਆਂ ਵਿਚ ਸੈਪਸਿਸ ਕੁੱਝ ਵੱਖਰਾ ਨਜ਼ਰ ਆ ਸਕਦਾ ਹੈ। ਸੈਪਸਿਸ ਨੂੰ ਪਛਾਣਨਾ ਮੁਸ਼ਕਲ ਹੋ ਸਕਦਾ ਹੈ ਖਾਸਕਰ ਨਵੇਂ ਜੰਮੇ ਬੱਚਿਆਂ ਵਿਚ। ਨਿਆਣੇ ਅਤੇ ਨਵੇਂ ਜੰਮੇ ਬੱਚੇ ਬਹੁਤ ਪਰੇਸ਼ਾਨ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਦੁੱਧ ਚੁੰਘਾਉਣਾ ਔਖਾ ਹੋ ਸਕਦਾ ਹੈ।

## ਜੇ ਕੁੱਝ ਗੜਬੜ ਨਜ਼ਰ ਆਏ ਤਾਂ ਮਦਦ ਲਵੋ। ਤੁਸੀਂ ਆਪਣੇ ਬੱਚੇ ਨੂੰ ਬਿਹਤਰ ਜਾਣਦੇ ਹੋ।

Provincial Health Services Authority
CHILD HEALTH BC
LEAD BENEFACTOR save on foods

## ਇਨ੍ਹਾਂ ਵਿਚੋਂ ਕਿਸੇ ਵੀ ਲੱਛਣ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਦੀ ਤਬੀਅਤ ਠੀਕ ਨਹੀਂ ਅਤੇ ਸੈਪਸਿਸ ਵੀ ਹੋ ਸਕਦੀ ਹੈ:

### ANY ONE OF THE SYMPTOMS MAY MEAN YOUR CHILD IS VERY UNWELL AND COULD HAVE SEPSIS:




Graphic adapted with permission form resources developed by Children's Health Queensland Hospital and Health Service.

## ਹਸਪਤਾਲ ਜਾਂ ਹੈਲਥ ਕੇਅਰ ਸੈਂਟਰ ਵਿਚ ਕੀ ਹੋਵੇਗਾ?
## WHAT WILL HAPPEN IN HOSPITAL OR A HEALTH CARE CENTER?

ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਬੱਚੇ ਦੀ ਮੈਡੀਕਲ ਇਤਿਹਾਸ ਬਾਰੇ ਪੁੱਛੇਗੀ ਅਤੇ ਉਸ ਦੀ ਹਾਲਤ ਦੀ ਨਿਗਰਾਨੀ ਕਰੇਗੀ। ਉਹ ਤੁਹਾਡੇ ਬੱਚੇ ਦਾ ਟੈਂਪਰੇਚਰ ਲਵੇਗੀ, ਬਲੱਡ ਪ੍ਰੈਸ਼ਰ ਚੈੱਕ ਕਰੇਗੀ, ਖ਼ੂਨ ਟੈੱਸਟ ਕਰੇਗੀ। ਸੈਪਸਿਸ ਲਈ ਕੋਈ ਵੀ ਇੱਕ ਲੈਬ ਟੈੱਸਟ ਨਹੀਂ।
ਜੇ ਤੁਹਾਡੀ ਸਿਹਤ ਸੰਭਾਲ ਟੀਮ ਇਹ ਸਮਝੇ ਕਿ ਬੱਚੇ ਨੂੰ ਸੈਪਸਿਸ ਦੀ ਸੰਭਾਵਨਾ ਹੈ ਤਾਂ ਉਹ:

- ਬੱਚੇ ਦੀ ਨਾੜੀ ਵਿਚ ਇੱਕ ਪਤਲੀ ਜਿਹੀ ਟਿਊਬ (ਜਿਸ ਨੂੰ ਆਈ ਵੀ ਕੈਨੂਲਾ ਕਹਿੰਦੇ ਹਨ) ਲਗਾਉਣਗੇ। ਜੇ ਇਹ ਮੁਸ਼ਕਲ ਹੋਇਆ ਤਾਂ ਉਹ ਹੱਡੀ ਵਿਚ ਸੂਈ (ਜਿਸ ਨੂੰ ਇੰਟਰਾਓਸੀਅਸ ਸੂਈ ਕਹਿੰਦੇ ਹਨ) ਲਗਾ ਸਕਦੇ ਹਨ।
- ਖ਼ੂਨ ਦਾ ਨਮੂਨਾ ਲੈ ਕੇ ਇਨਫ਼ੈਕਸ਼ਨ ਲਈ ਟੈੱਸਟ ਕੀਤਾ ਜਾਏਗਾ। ਨਤੀਜਾ ਆਉਣ ਨੂੰ 48 ਘੰਟੇ ਲੱਗ ਸਕਦੇ ਹਨ।
- ਤੁਹਾਡੇ ਬੱਚੇ ਨੂੰ ਨਾੜੀ ਆਈ ਵੀ ਰਾਹੀਂ ਤਰਲ ਅਤੇ ਹੋਰ ਦਵਾਈਆਂ ਦਿੱਤੀਆਂ ਜਾਣਗੀਆਂ ਤਾਂ ਕਿ ਖ਼ੂਨ ਦਾ ਵਹਿਣ ਚੱਲਦਾ ਰਹੇ।
- ਨਿਗਰਾਨੀ ਕਰਨਗੇ ਕਿ ਬੱਚਾ ਦੀ ਇਲਾਜ ਪ੍ਰਤੀ ਕੀ ਪ੍ਰਤੀਕ੍ਰਿਆ ਹੈ।

ਸਿਹਤ ਸੰਭਾਲ ਟੀਮ ਇਹ ਕੰਮ ਵੀ ਕਰ ਸਕਦੀ ਹੈ:

- ਖ਼ੂਨ ਦੇ ਟੈੱਸਟਾਂ ਦੇ ਨਤੀਜੇ ਆਉਣ ਦੀ ਇੰਤਜ਼ਾਰ ਦੌਰਾਨ ਐਂਟੀਬਾਇਟਿਕ ਜਿਹੀਆਂ ਦਵਾਈਆਂ ਦੇਣੀਆਂ ਸ਼ੁਰੂ ਕਰ ਸਕਦੇ ਹਨ।
- ਹੋਰ ਸਿਹਤ ਸੰਭਾਲ ਕਰਨ ਵਾਲਿਆਂ ਨਾਲ ਗਲ ਬਾਤ ਕਰ ਸਕਦੇ ਹਨ।
- ਤੁਹਾਡੇ ਬੱਚੇ ਨੂੰ ਕਿਸੇ ਹੋਰ ਥਾਂ, ਹੈਲਥ ਕੇਅਰ ਸੈਂਟਰ ਜਾਂ ਹਸਪਤਾਲ ਤਬਦੀਲ ਕਰਨ ਲਈ ਬੰਦੋਬਸਤ ਕਰ ਸਕਦੇ ਹਨ। ਇਹ ਬੱਚਿਆਂ ਦਾ ਯੂਨਿਟ ਜਾਂ ਬੱਚਿਆਂ ਦਾ ਇੰਟੈਂਸਿਵ ਕੇਅਰ ਯੂਨਿਟ (ਪੀਡੂ) ਹੋ ਸਕਦਾ ਹੈ।

ਸੈਪਸਿਸ ਦਾ ਹਰ ਬੱਚੇ ਤੇ ਵੱਖਰਾ ਪ੍ਰਭਾਵ ਹੋ ਸਕਦਾ ਹੈ। ਤੁਹਾਡੇ ਬੱਚੇ ਦੀਆਂ ਦੇਖਭਾਲ ਦੀਆਂ ਲੋੜਾਂ ਇਸ ਗੱਲ ਤੇ ਨਿਰਭਰ ਕਰਨਗੀਆਂ ਕਿ ਬੱਚਾ ਕਿੰਨਾ ਬਿਮਾਰ ਹੈ।

### ਤੁਹਾਡੀ ਸਿਹਤ ਸੰਭਾਲ ਟੀਮ Your health-care team

ਤੁਹਾਡੀ ਦੇਖਭਾਲ ਕਰਨ ਵਾਲੀ ਟੀਮ ਵਿਚ ਡਾਕਟਰ, ਨਰਸਾਂ, ਸੋਸ਼ਲ ਵਰਕਰ ਅਤੇ ਮਰੀਜ਼ਾਂ ਨਾਲ ਤਾਲ ਮੇਲ ਲਈ ਸਵਦੇਸੀ ਜਾਂ ਆਦੀਵਾਸੀ ਸ਼ਾਮਲ ਹੋ ਸਕਦੇ ਹਨ। ਤੁਸੀਂ ਆਪਣੇ ਬੱਚੇ ਲਈ ਸਭ ਤੋਂ ਵੱਡੇ ਮਦਦਗਾਰ ਅਤੇ ਐਡਵੋਕੇਟ ਹੋ। ਕਿਰਪਾ ਕਰ ਕੇ ਆਪਣੀ ਦੇਖਭਾਲ ਕਰਨ ਵਾਲੀ ਟੀਮ ਨੂੰ ਆਪਣੇ ਬੱਚੇ ਦੀ ਹਾਲਤ ਬਾਰੇ ਅਤੇ ਜੇ ਤੁਸੀਂ ਕੋਈ ਤਬਦੀਲੀ ਦੇਖਦੇ ਹੋ ਤਾਂ ਉਸ ਬਾਰੇ ਵੀ ਦੱਸੋ।

ਜਦ ਤੱਕ ਤੁਹਾਡਾ ਬੱਚਾ ਹਸਪਤਾਲ ਜਾਂ ਸਿਹਤ ਸੰਭਾਲ ਕੇਂਦਰ ਵਿਚ ਹੈ ਤੁਸੀਂ ਸਿਹਤ ਸੰਭਾਲ ਟੀਮ ਨਾਲ ਲਗਾਤਾਰ ਗੱਲਬਾਤ ਕਰੋਗੇ। ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ ਨਾਲ ਇਹ ਗੱਲਾਂ ਸਾਂਝੀਆਂ ਕਰੇਗੀ:

- ਤੁਹਾਡੇ ਬੱਚੇ ਲਈ ਹੁਣ ਅਤੇ ਭਵਿੱਖ ਵਿਚ ਸੈਪਸਿਸ ਦੇ ਕੀ ਅਰਥ ਹਨ। ਜਿਵੇਂ ਜਿਵੇਂ ਟੀਮ ਨੂੰ ਤੁਹਾਡੇ ਬੱਚੇ ਦੀ ਇਨਫ਼ੈਕਸ਼ਨ ਬਾਰੇ ਪਤਾ ਲੱਗਦਾ ਹੈ ਅਤੇ ਬੱਚੇ ਦੀ ਇਲਾਜ ਨਾਲ ਕੀ ਪ੍ਰਕਿਰਿਆ ਹੁੰਦੀ ਹੈ ਇਸ ਨਾਲ ਸਭ ਬਦਲ ਸਕਦਾ ਹੈ।
- ਤੁਹਾਡੇ ਬੱਚੇ ਦਾ ਇਲਾਜ ਕਿਵੇਂ ਹੋਵੇਗਾ ਅਤੇ ਕੌਣ ਦੇਖਭਾਲ ਕਰੇਗਾ।
- ਤੁਸੀਂ ਕਿਹੜੀ ਕਿਹੜੀ ਮਦਦ ਲੈ ਸਕਦੇ ਹੋ।
- ਜੇ ਤੁਸੀਂ ਚਿੰਤਤ ਹੋ ਤਾਂ ਕਿਥੋਂ ਮਦਦ ਲੈਣੀ ਹੈ?
- ਬੱਚੇ ਦੇ ਹਸਪਤਾਲ ਜਾਂ ਸਿਹਤ ਸੰਭਾਲ ਕੇਂਦਰ ਵਿਚ ਰਹਿਣ ਦੌਰਾਨ ਤੁਸੀਂ ਕੀ ਉਮੀਦ ਕਰ ਸਕਦੇ ਹੋ।

### ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿਚ ਉਪਲਬਧ ਸਹਾਇਤਾ Supports available in hospitals and health centers

ਸੈਪਸਿਸ ਜਿਹੀਆਂ ਗੰਭੀਰ ਹਾਲਤਾਂ ਪਰਵਾਰਾਂ ਲਈ ਤਣਾਅਪੂਰਨ ਹੋ ਸਕਦੀਆਂ ਹਨ। ਜੇ ਤੁਹਾਨੂੰ ਜਾਂ ਕਿਸੇ ਪਰਵਾਰਕ ਮੈਂਬਰ ਨੂੰ ਮਦਦ ਦੀ ਲੋੜ ਹੈ ਤਾਂ ਆਪਣੀ ਸਿਹਤ ਸੰਭਾਲ ਟੀਮ ਨੂੰ ਦੱਸੋ। ਉਹ ਤੁਹਾਨੂੰ ਸੋਸ਼ਲ ਵਰਕਰ ਜਾਂ ਸਵਦੇਸ਼ੀ ਜਾਂ ਆਦੀਵਾਸੀ ਸੰਪਰਕ ਕਰਵਾਉਣ ਵਾਲਿਆਂ ਨਾਲ ਮਿਲਾ ਸਕਦੇ ਹਨ। ਉਹ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਤੁਹਾਡੇ ਭਾਈਚਾਰੇ ਵਿਚ ਉਪਲਬਧ ਸਰੋਤਾਂ ਨਾਲ ਸੰਪਰਕ ਕਰਵਾ ਸਕਦੇ ਹਨ।

## ਆਪਣੇ ਬੱਚੇ ਨੂੰ ਡਾਕਟਰੀ ਪ੍ਰਕਿਰਿਆਵਾਂ ਦਾ ਮੁਕਾਬਲਾ ਕਰਨ ਵਿਚ ਮਦਦ ਕਰਨੀ
## Helping your child cope with medical procedures

ਕਈ ਬੱਚੇ ਡਾਕਟਰੀ ਇਲਾਜ ਸਮੇਂ ਬਹੁਤ ਹੱਥ ਪੈਰ ਮਾਰਦੇ ਹਨ। ਤੁਸੀਂ ਆਪਣੇ ਬੱਚੇ ਨੂੰ ਸੁਖੀ ਅਤੇ ਸ਼ਾਂਤ ਰੱਖ ਸਕਦੇ ਹੋ। ਬੱਚੇ ਨੂੰ ਮਹਿਸੂਸ ਹੋਣ ਦਿਓ ਕਿ ਤੁਸੀਂ ਉਸ ਦੀ ਮਦਦ ਕਰੋਗੇ।
ਜੇ ਸੰਭਵ ਹੋਵੇ ਤਾਂ ਬੱਚੇ ਨੂੰ ਇਹ ਸਮਝਣ ਵਿਚ ਮਦਦ ਕਰੋ ਕਿ:

- ਪ੍ਰੋਸੀਜਰ ਵਿਚ ਕੀ ਹੋਵੇਗਾ,
- ਪ੍ਰੋਸੀਜਰ ਦੀ ਕਿਉਂ ਲੋੜ ਹੈ, ਅਤੇ
- ਇਸ ਵਿਚ ਕੌਣ ਸ਼ਾਮਲ ਹੋਵੇਗਾ।

ਆਪਣੀ ਸਿਹਤ ਸੰਭਾਲ ਟੀਮ ਨੂੰ ਪੁੱਛੋ ਕਿ ਕੀ ਕੋਈ ਚਾਈਲਡ ਲਾਈਫ਼ ਸਪੈਸ਼ਲਿਸਟ ਤੁਹਾਡੇ ਪਰਵਾਰ ਦੀ ਮਦਦ ਕਰ ਸਕਦਾ ਹੈ।

**BC Children's Hospital Comfort PACT** ਦੇ ਸਰੋਤ ਤੁਹਾਨੂੰ ਡਾਕਟਰੀ ਪ੍ਰੋਸੀਜਰ ਸਮੇਂ ਆਪਣੇ ਬੱਚੇ ਨੂੰ ਸੁੱਖੀ ਰੱਖਣ ਲਈ ਜਾਣਕਾਰੀ ਦਿੰਦੇ ਹਨ।

http://www.cw.bc.ca/library/pdf/pamphlets/BC-Childrens-Comfort-Pact.pdf

ਇਸ ਹਸਪਤਾਲ ਵਿਚ ਦਰਦ ਦੀ ਦੇਖਭਾਲ ਲਈ ਇਹ ਦੇਖੋ: **BC Children's Hospital Pain Management & Comfort**

http://www.bcchildrens.ca/health-info/pain-management-comfort

## ਸਵਦੇਸ਼ੀ, ਆਦੀਵਾਸੀ, ਮੈਟਿਸ ਜਾਂ ਇਨਯੁਟ ਪਰਵਾਰਾਂ ਲਈ ਸਰੋਤ
## Resources for Indigenous, Aboriginal, Metis, or Inuit families

ਜੇ ਤੁਹਾਡੀ ਪਹਿਚਾਣ ਸਵਦੇਸ਼ੀ, ਆਦੀਵਾਸੀ, ਮੈਟਿਸ ਜਾਂ ਇਨਯੁਟ ਹੈ ਤਾਂ ਤੁਸੀਂ ਸਵਦੇਸ਼ੀ ਜਾਂ ਆਦੀਵਾਸੀ ਸੰਪਰਕ ਕਰਵਾਉਣ ਵਾਲੇ ਲਈ ਬੇਨਤੀ ਕਰ ਸਕਦੇ ਹੋ। ਉਹ ਤੁਹਾਨੂੰ ਸਲਾਹ ਦੇ ਸਕਦਾ ਹੈ ਅਤੇ ਸਿਹਤ ਸੰਭਾਲ ਸਿਸਟਮ ਵਿਚ ਤੁਹਾਡੀ ਅਗਵਾਈ ਕਰ ਸਕਦਾ ਹੈ।

## ਮੇਰੇ ਬੱਚੇ ਨੂੰ ਘਰ ਵਿਚ ਕਿਸ ਕਿਸਮ ਦੀ ਦੇਖਭਾਲ ਦੀ ਲੋੜ ਹੋਵੇਗੀ?
## WHAT CARE WILL MY CHILD NEED AT HOME?

ਘਰ ਜਾਣ ਤੋਂ ਪਹਿਲਾਂ ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਇਹ ਜਾਣਕਾਰੀ ਦੇਵੇਗੀ:

- ਬੱਚੇ ਨੂੰ ਚੱਲ ਰਹੇ ਡਾਕਟਰੀ ਇਲਾਜ ਦੀ ਲੋੜ
- ਤੁਹਾਡੇ ਬੱਚੇ ਦੀ ਸਿਹਤਯਾਬੀ ਕਿਹੋ ਜਿਹੀ ਹੋਵੇਗੀ
- ਸਿਹਤਯਾਬੀ ਦੇ ਟੀਚੇ ਅਤੇ ਸਮਾਂ
- ਬੱਚੇ ਤੇ ਸੈਪਸਿਸ ਕਾਰਨ ਲੰਮੀ ਮਿਆਦ ਦੇ ਸੰਭਵ ਪ੍ਰਭਾਵ
- ਨਵੀਆਂ ਇਨਫ਼ੈਕਸ਼ਨਾਂ ਨੂੰ ਕਿਵੇਂ ਰੋਕਣਾ ਹੈ
- ਤੁਸੀਂ ਬੱਚੇ ਦੀ ਸਿਹਤਯਾਬੀ ਲਈ ਕਿਵੇਂ ਮਦਦ ਕਰ ਸਕਦੇ ਹੋ
- ਬੱਚੇ ਨੇ ਜੋ ਦਵਾਈਆਂ ਲੈਣੀਆਂ ਹਨ, ਇਸ ਸਮੇਤ:
    - ਤੁਹਾਡੇ ਬੱਚੇ ਨੇ ਇਹ ਦਵਾਈਆਂ ਕਿਉਂ ਲੈਣੀਆਂ ਹਨ
    - ਇਹ ਦਵਾਈਆਂ ਕਿਵੇਂ ਦੇਣੀਆਂ ਹਨ ਅਤੇ ਬੱਚੇ ਨੇ ਇਹ ਦਵਾਈਆਂ ਕਦੋਂ ਕਦੋਂ ਤੱਕ ਲੈਣੀਆਂ ਹਨ
    - ਸੰਭਾਵੀ ਮਾੜੇ ਪ੍ਰਭਾਵ
- ਆਪਣੇ ਇਲਾਕੇ ਦੇ ਸਿਹਤ ਪੇਸ਼ਾਵਰ ਕੋਲ ਬੱਚੇ ਨੂੰ ਦਿਖਾਉਣਾ
- ਕਦੋਂ ਮਦਦ ਲੈਣੀ ਹੈ

### ਤੁਹਾਡੇ ਭਾਈਚਾਰੇ ਦੀ ਸਿਹਤ ਸੰਭਾਲ ਟੀਮ Your community health-care team

ਹਸਪਤਾਲ ਜਾਂ ਹੈਲਥ ਕੇਅਰ ਸੈਂਟਰ ਵਿਚੋਂ ਜਾਣ ਤੋਂ ਬਾਅਦ ਵੀ ਤੁਹਾਡੇ ਬੱਚੇ ਦੀ ਦੇਖਭਾਲ ਜਾਰੀ ਰਹੇਗੀ। ਜਿਵੇਂ ਜਿਵੇਂ ਤੁਹਾਡਾ ਬੱਚਾ ਠੀਕ ਹੁੰਦਾ ਹੈ ਉਸ ਨੂੰ ਸਿਹਤ ਸੰਭਾਲ ਕਰਨ ਵਾਲਿਆਂ ਦੀ ਲੋੜ ਹੋਵੇਗੀ। ਇਨ੍ਹਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਬੱਚਿਆਂ ਦਾ ਡਾਕਟਰ
- ਪਰਵਾਰਕ ਡਾਕਟਰ
- ਨਰਸ ਪ੍ਰੈਕਟੀਸ਼ਨਰ
- ਫਿਜ਼ੀਓਥੈਰਪਿਸਟ
- ਆਕੂਪੇਸ਼ਨਲ ਥੈਰਪਿਸਟ
- ਨਿਓਰੋਸਾਈਕਾਲੋਜਿਸਟ ਜਾਂ ਬੁੱਧੀ ਦੇ ਵਿਵਹਾਰ ਵਾਲਾ ਥੈਰਪਿਸਟ
- ਬੋਲੀ ਲਈ ਥੈਰਪਿਸਟ
- ਖ਼ੁਰਾਕ ਵਿਸੇਸ਼ੱਗ
- ਹੋਰ ਸਿਹਤ ਸੰਭਾਲ ਕਰਨ ਵਾਲੇ ਮਾਹਿਰ

## ਸੈਪਸਿਸ ਤੋਂ ਬਾਅਦ ਸਿਹਤ ਉਲਝਣਾਂ
## POST-SEPSIS HEALTH COMPLICATIONS

ਸੈਪਸਿਸ ਸਰੀਰ ਦੇ ਕਈ ਅੰਗਾਂ ਤੇ ਅਸਰ ਕਰ ਸਕਦਾ ਹੈ। ਇਹ ਅਸਰ ਹਰ ਇੱਕ ਤੇ ਵੱਖ ਵੱਖ ਹੋ ਸਕਦੇ ਹਨ।

ਸੈਪਸਿਸ ਤੋਂ ਬਾਅਦ ਕਈ ਲੋਕ ਬਿਲਕੁਲ ਠੀਕ ਹੋ ਜਾਂਦੇ ਹਨ। ਪਰ ਤੁਹਾਡੇ ਬੱਚੇ ਨੂੰ ਡੇ-ਕੇਅਰ, ਸਕੂਲ ਜਾਂ ਹੋਰ ਸਰ-ਗਰਮੀਆਂ ਵਿਚ ਸ਼ਾਮਲ ਹੋਣ ਲਈ ਕੁੱਝ ਸਮਾਂ ਲੱਗੇਗਾ। ਜਿਵੇਂ ਜਿਵੇਂ ਬੱਚਾ ਠੀਕ ਹੁੰਦਾ ਹੈ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਹੋਰ ਜ਼ਿਆਦਾ ਮਦਦ ਦੀ ਲੋੜ ਹੋਵੇਗੀ।

ਸੈਪਸਿਸ ਤੋਂ ਬਾਅਦ ਕੁੱਝ ਲੋਕਾਂ ਨੂੰ ਲੰਮੇ ਸਮੇਂ ਤੱਕ ਚੱਲਣ ਵਾਲੀ ਸਰੀਰਕ, ਦਿਮਾਗ਼ੀ ਅਤੇ ਭਾਵਨਾਤਮਿਕ ਪ੍ਰਭਾਵਾਂ ਨੂੰ ਅਨੁਭਵਾਂ ਕਰ ਸਕਦੇ ਹਨ। ਇਸ ਨੂੰ ਸੈਪਸਿਸ ਤੋਂ ਬਾਅਦ ਦੇ ਲੱਛਣ ਕਿਹਾ ਜਾਂਦਾ ਹੈ।

ਕੁੱਝ ਕੁ ਬੱਚਿਆਂ ਨੂੰ ਇਹੋ ਜਿਹੇ ਲੱਛਣਾਂ ਦਾ ਅਨੁਭਵ ਹੋ ਸਕਦਾ ਹੈ:

- ਸੁਭਾਅ ਵਿਚ ਤਬਦੀਲੀ
- ਧਿਅਨ ਕੇਂਦ੍ਰਿਤ ਕਰਨ ਵਿਚ ਮੁਸ਼ਕਲ
- ਸਿਰ ਦਰਦ ਅਤੇ ਹੋਰ ਦਰਦਾਂ
- ਥਕਾਵਟ
- ਸੌਣ ਵਿਚ ਮੁਸ਼ਕਲ
- ਭੁੱਖ ਵਿਚ ਤਬਦੀਲੀ
- ਮਾਸਪੇਸ਼ੀਆਂ ਦੇ ਆਪਸੀ ਮੇਲ ਵਿਚ ਤਬਦੀਲੀ
- ਕਮਜ਼ੋਰੀ
- ਡਾਕਟਰੀ ਇਲਾਜ ਤੋਂ ਡਰ

## ਤੁਸੀਂ ਆਪਣੇ ਬੱਚੇ ਦੀ ਸਿਹਤਯਾਬੀ ਵਿਚ ਕਿਵੇਂ ਮਦਦ ਕਰ ਸਕਦੇ ਹੋ?
## HOW CAN YOU SUPPORT YOUR CHILD'S RECOVERY?

ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਤੁਹਾਡੇ ਇਲਾਕੇ ਵਿਚ ਸਿਹਤ ਸੰਭਾਲ ਕਰਨ ਵਾਲਿਆਂ ਕੋਲ ਰੈਫ਼ਰ ਕਰੇਗੀ। ਇਹ ਤੁਹਾਡੇ ਬੱਚੇ ਦਾ ਮੁਆਇਨਾ ਕਰ ਕੇ ਤੁਹਾਡੇ ਬੱਚੇ ਦੀ ਸਿਹਤਯਾਬੀ ਲਈ ਸਹਾਇਤਾ ਕਰਨਗੇ। ਤੁਹਾਡੇ ਬੱਚੇ ਦੀ ਨਿਯਮਿਤ ਚੈੱਕ ਅੱਪ ਅਤੇ ਤੁਹਾਡੇ ਬੱਚੇ ਨੂੰ ਸਿਹਤਯਾਬ ਹੋਣ ਵਿਚ ਮਦਦ ਕਰ ਸਕਦੇ ਹਨ।

ਜੇ ਤੁਸੀਂ ਇਹ ਨੋਟ ਕਰੋ ਤਾਂ ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਸਿਹਤ ਸੰਭਾਲ ਕਰਨ ਵਾਲਿਆਂ ਨੂੰ ਮਿਲੋ:

- ਤੁਹਾਡੇ ਬੱਚੇ ਦੇ ਵਿਕਾਸ ਵਿਚ ਦੇਰੀ ਹੋ ਰਹੀ ਹੈ ਜਾਂ
- ਤੁਹਾਡੇ ਬੱਚੇ ਦਾ ਵਿਕਾਸ ਉਸ ਦੇ ਭੈਣਾਂ ਭਰਾਵਾਂ ਨਾਲੋਂ ਕਾਫ਼ੀ ਹਲਕਾ ਹੈ।

## ਆਪਣੇ ਇਲਾਕੇ ਵਿਚ ਤੁਸੀਂ ਦੇਖਭਾਲ ਲਈ ਕਿੱਥੇ ਜਾ ਸਕਦੇ ਹੋ?
## WHERE CAN YOU SEEK CARE IN YOUR COMMUNITY?

ਤੁਹਾਡੇ ਬੱਚੇ ਦੇ ਵਿਕਾਸ ਵਿਚ ਮਦਦ ਲਈ ਬੀ.ਸੀ. ਦੇ ਆਦੀਵਾਸੀ ਸ਼ਿਸ਼ੂ ਵਿਕਾਸ ਪ੍ਰੋਗਰਾਮ ਅਤੇ ਆਦੀਵਾਸੀ ਸਮਰਥਿਤ ਬਾਲ ਵਿਕਾਸ ਪ੍ਰੋਗਰਾਮ ਦੀ ਇਨਫ਼ੈਂਟ ਫ਼ ਚਾਈਲਡ ਡਿਵੈਲਪਮੈਂਟ ਐਸੋਸੀਏਸ਼ਨ ਆਪਣੇ ਪੇਸ਼ਾਵਰਾਂ ਨਾਲ ਤੁਹਾਡਾ ਸੰਪਰਕ ਕਰਾ ਸਕਦੀ ਹੈ।
ਪੇਸ਼ਾਵਰਾਂ ਵਿਚ ਆਕੂਪੇਸ਼ਨਲ ਥੈਰਪਿਸਟ, ਸਪੀਚ ਪੈਥਾਲੋਜਿਸਟ, ਫ਼ਿਜ਼ੀਓਥੈਰਪਿਸਟ ਅਤੇ ਸੋਸ਼ਲ ਵਰਕਰ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਪ੍ਰੋਗਰਾਮਾਂ ਲਈ ਤੁਸੀਂ ਆਪਣੇ ਆਪ ਨੂੰ ਰੈਫ਼ਰ ਕਰ ਸਕਦੇ ਹੋ ਜਾਂ ਸਿਹਤ ਸੰਭਾਲ ਕਰਨ ਵਾਲੇ ਨੂੰ ਰੈਫ਼ਰ ਕਰਨ ਲਈ ਕਹਿ ਸਕਦੇ ਹੋ।
ਫ਼ਸਟ ਨੇਸ਼ਨਜ਼ ਮੈਟਿਸ ਅਤੇ ਇਨਯੂਟ ਦੇ ਬੱਚਿਆਂ ਅਤੇ ਪਰਵਾਰਾਂ ਲਈ ਆਦੀਵਾਸੀ ਸ਼ਿਸ਼ੂ ਵਿਕਾਸ ਪ੍ਰੋਗਰਾਮ ਅਤੇ ਆਦੀਵਾਸੀ ਸਮਰਥਿਤ ਬਾਲ ਵਿਕਾਸ ਪ੍ਰੋਗਰਾਮ ਸਭਿਆਚਾਰਕ ਤੌਰ ਤੇ ਸੁਰੱਖਿਅਤ ਅਤੇ ਸੰਵੇਦਨਸ਼ੀਲ ਦੇਖਭਾਲ ਯਕੀਨੀ ਬਣਾਉਂਦੇ ਹਨ।
ਤੁਸੀਂ ਆਪਣੇ ਆਪ ਨੂੰ ਰੈਫ਼ਰ ਕਰ ਸਕਦੇ ਹੋ ਜਾਂ ਸਿਹਤ ਸੰਭਾਲ ਕਰਨ ਵਾਲੇ ਨੂੰ ਰੈਫ਼ਰ ਕਰਨ ਲਈ ਕਹਿ ਸਕਦੇ ਹੋ।

ਇਨ੍ਹਾਂ ਪ੍ਰੋਗਰਾਮਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਬੀ.ਸੀ. ਦੀ ਇਨਫ਼ੈਂਟ ਫ਼ ਚਾਈਲਡ ਡਿਵੈਲਪਮੈਂਟ ਐਸੋਸੀਏਸ਼ਨ ਦਾ ਇਹ ਵੈੱਬਪੇਜ ਦੇਖੋ:

https://icdabc.ca/programs

## ਮੈਂ ਸੈਪਸਿਸ ਬਾਰੇ ਕਿਵੇਂ ਸਮਝਾਵਾਂ? HOW CAN I EXPLAIN SEPSIS?

ਸਾਰੇ ਸਿਹਤ ਸੰਭਾਲ ਕਰਨ ਵਾਲਿਆਂ ਨੂੰ ਸੈਪਸਿਸ ਜਾਂ ਸੈਪਸਿਸ ਤੋਂ ਬਾਅਦ ਸਿੰਡਰੋਮ ਬਾਰੇ ਪਤਾ ਨਹੀਂ ਹੁੰਦਾ।
ਇਸ ਕਿਤਾਬਚੇ ਨੂੰ ਪ੍ਰਿੰਟ ਕਰ ਕੇ ਆਪਣੇ ਸਿਹਤ ਸੰਭਾਲ ਕਰਨ ਕੋਲ ਲੈ ਜਾਣ ਨਾਲ ਮਦਦ ਮਿਲ ਸਕਦੀ ਹੈ।

**ਸੈਪਸਿਸ ਅਲਾਇੰਸ (Sepsis Alliance)** ਦੀਆਂ ਕਈ ਚਿੱਠੀਆਂ ਵਿਚ ਸੈਪਸਿਸ ਅਤੇ ਪੋਸਟ-ਸੈਪਸਿਸ ਸਿੰਡਰੋਮ ਬਾਰੇ ਸਮਝਾਇਆ ਗਿਆ ਹੈ। ਤੁਸੀਂ ਇਹ ਚਿੱਠੀਆਂ ਇਨ੍ਹਾਂ ਨਾਲ ਸਾਂਝੀਆਂ ਕਰ ਸਕਦੇ ਹੋ:

- ਡਾਕਟਰਾਂ
- ਟੀਚਰਾਂ
- ਕੋਚਾਂ
- ਡੇ-ਕੇਅਰ ਕਾਮਿਆਂ, ਅਤੇ
- ਕਰਮਚਾਰੀਆਂ ਦੇ ਮਾਲਕਾਂ

https://www.sepsis.org/education/patients-family/sepsis-survivors

Provincial Health Services Authority
CHILD HEALTH BC
LEAD BENEFACTOR save on foods

## ਮੈਂ ਆਪਣੇ ਲਈ ਅਤੇ ਪਰਵਾਰ ਲਈ ਕਿੱਥੋਂ ਮਦਦ ਲਵਾਂ?

### WHERE CAN I GET SUPPORT FOR MY FAMILY AND MYSELF?

ਜਦੋਂ ਬੱਚੇ ਨੂੰ ਸੈਪਸਿਸ ਹੁੰਦਾ ਹੈ ਤਾਂ ਅਕਸਰ ਪਰਵਾਰਾਂ ਨੂੰ ਮਾਨਸਿਕ ਸਿਹਤ ਜਾਂ ਤੰਦਰੁਸਤੀ ਲਈ ਮਦਦ ਚਾਹੀਦੀ ਹੁੰਦੀ ਹੈ। ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਕਿਰਪਾ ਕਰ ਕੇ ਡਿਸਚਾਰਜ ਨਰਸ, ਤੁਹਾਡੀ ਦੇਖਭਾਲ ਕਰਨ ਵਾਲੇ ਜਾਂ ਬੱਚਿਆ ਦੇ ਡਾਕਟਰ ਨੂੰ ਕਹੋ।

ਤੁਸੀਂ ਇਨ੍ਹਾਂ ਸਰੋਤਾਂ ਤੇ ਵੀ ਚੈੱਕ ਕਰ ਸਕਦੇ ਹੋ:

**ਫ਼ਾਊਂਡਰੀ ਬੀ.ਸੀ.(Foundry BC)** 12-24 ਸਾਲ ਦੇ ਲੋਕਾਂ ਨੂੰ ਮੁਫ਼ਤ ਅਤੇ ਗੁਪਤ ਸਹਾਇਤਾ ਕਰਦਾ ਹੈ। ਬੀ.ਸੀ. ਵਿਚ ਮਦਦ ਆਨਲਾਈਨ ਅਤੇ ਵਿਅਕਤੀਗਤ ਰੂਪ ਵਿਚ ਉਪਲਬਧ ਹੈ।

https://foundrybc.ca

**ਕੈਨੇਡੀਅਨ ਸੈਪਸਿਸ ਫ਼ਾਊਂਡੇਸ਼ਨ (Canadian Sepsis Foundation)** ਸਲਾਹ ਮਸ਼ਵਰੇ ਅਤੇ ਨੈੱਟਵਰਕ ਰਾਹੀਂ ਸੈਪਸਿਸ ਤੋਂ ਬਚੇ ਪਰਵਾਰਾਂ ਦੀ ਮਦਦ ਕਰਦੀ ਹੈ।

ਫ਼ੇਸਬੁਕ ਤੇ: https://m.facebook.com/sepsis-canada

https://www.canadiansepsisfoundation.ca/

**ਸੈਪਸਿਸ ਅਲਾਇੰਸ ਕੁਨੈਕਟ (Sepsis Alliance Connect)** ਵਰਚੁਅਲ ਭਾਈਚਾਰਾ ਹੈ ਜੋ ਸੈਪਸਿਸ ਨਾਲ ਪ੍ਰਭਾਵਿਤ ਹੋਏ ਲੋਕਾਂ ਨੂੰ ਜੋੜਦਾ ਹੈ। ਮੈਂਬਰ ਲਾਈਵ ਅਤੇ ਪਹਿਲਾਂ ਰਿਕਾਰਡ ਕੀਤੇ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਸਕਦੇ ਹਨ, ਸਰੋਤ ਸਾਂਝੀਆਂ ਕਰ ਸਕਦੇ ਹਨ ਅਤੇ ਸੈਪਸਿਸ ਅਤੇ ਇਸ ਤੋਂ ਸਿਹਤਯਾਬੀ ਬਾਰੇ ਉਤਸ਼ਾਹਿਤ ਹੋ ਸਕਦੇ ਹਨ।

https://www.sepsis.org/sepsis-alliance-connect/

## ਮੈਂ ਨਵੀਂ ਸੈਪਸਿਸ ਇਨਫ਼ੈਕਸ਼ਨ ਨੂੰ ਕਿਵੇਂ ਰੋਕ ਸਕਦਾ ਹਾਂ?

### HOW CAN I PREVENT A NEW SEPSIS INFECTION?

ਬੱਚੇ ਨੂੰ ਸੈਪਸਿਸ ਹੋਣ ਤੋਂ ਬਾਅਦ ਦੇ ਮਹੀਨਿਆਂ ਦੌਰਾਨ ਨਵੀਂ ਇਨਫ਼ੈਕਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾਹੈ। ਕਿਉਂਕਿ ਸੈਪਸਿਸ ਇਮਿਊਨ ਸਿਸਟਮ ਨੂੰ ਬਦਲ ਦਿੰਦਾ ਹੈ।
ਬੱਚੇ ਨੂੰ ਨਵੀਂ ਇਨਫ਼ੈਕਸ਼ਨ ਹੋਣ ਦੇ ਖ਼ਤਰੇ ਨੂੰ ਘੱਟ ਕਰਨ ਲਈ:

- ਆਪਣੇ ਬੱਚੇ ਦੀ ਵੈਕਸੀਨੇਸ਼ਨ ਅੱਪ ਟੂ ਡੇਟ ਰੱਖੋ (ਕੋਵਿਡ-19 ਅਤੇ ਇਫ਼ਲੂਐਂਜ਼ਾ ਵੈਕਸੀਨ ਸਮੇਤ)।
- ਬੱਚੇ ਦੀ ਸਫ਼ਾਈ ਵੱਲ ਧਿਆਨ ਦਿਓ, ਜਿਵੇਂ ਕਿ ਪਾਣੀ ਅਤੇ ਸਾਬਣ ਨਾਲ ਹਮੇਸ਼ਾਂ ਹੱਥ ਧੋਣੇ।
- ਕੀੜਿਆਂ ਮਕੌੜਿਆਂ ਦਾ ਕੱਟਣਾ, ਸਰੀਰ ਤੇ ਕੱਟ ਲਗਣਾ, ਜਲਨਾ ਜਾਂ ਕੋਈ ਹੋਰ ਜ਼ਖ਼ਮ ਵੱਲ ਗੌਰ ਕਰੋ। ਜੇ ਉਹ ਲਾਲ, ਗਰਮ ਜਾਂ ਸੁਜਣ ਜਾਂ ਠੀਕ ਨਾ ਹੋਣ ਤਾਂ ਸਿਹਤ ਸੰਭਾਲ ਕਰਨ ਵਾਲੇ ਨੂੰ ਸੰਪਰਕ ਕਰੋ।
- ਜੇ ਤੁਸੀਂ ਸਿਹਤ ਸੰਭਾਲ ਕਰਨ ਵਾਲੇ ਨੂੰ ਮਿਲੋ ਤਾਂ ਦੱਸੋ ਕਿ ਬੱਚੇ ਨੂੰ ਪਹਿਲਾਂ ਸੇਪਸਿਸ ਹੋਈ ਸੀ।

ਜੇ ਤੁਹਾਡੇ ਬੱਚੇ ਨੂੰ ਨਵੀਂ ਇਨਫ਼ੈਕਸ਼ਨ ਹੋਵੇ ਤਾਂ ਆਪਣੈ ਸਿਹਤ ਸੰਭਾਲ ਕਰਨ ਵਾਲੇ ਕੋਲ ਜਾਓ। ਕਿਸੇ ਦਵਾਈ ਲਈ ਜੋ ਨਿਰਦੇਸ਼ ਮਿਲਣ ਉਨ੍ਹਾਂ ਦੀ ਪਾਲਣਾ ਕਰੋ। ਬੱਚੇ ਵਿਚ ਸੈਪਸਿਸ ਦੇ ਲੱਛਣਾਂ ਵੱਲ ਧਿਆਨ ਕਰੋ। ਜੇ ਤੁਸੀਂ ਫਿਕਰਮੰਦ ਹੋ ਤਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਸੰਪਰਕ ਕਰੋ ਜਾਂ ਹਸਪਤਾਲ ਜਾਂ ਸਿਹਤ ਦੇਖ-ਭਾਲ ਕੇਂਦਰ ਵਿਚ ਜਾਓ ਅਤੇ ਪੁੱਛੋ ਕਿ "**ਕੀ ਇਹ ਸੇਪਸਿਸ ਹੋ ਸਕਦਾ ਹੈ?**"
ਜਲਦੀ ਇਲਾਜ ਜਾਨਾਂ ਬਚਾਉਂਦਾ ਹੈ।

Provincial Health Services Authority | CHILD HEALTH BC LEAD BENEFACTOR save on foods

## ਮੈਂ ਸੈਪਸਿਸ ਬਾਰੇ ਹੋਰ ਜ਼ਿਆਦਾ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?
## WHERE CAN I LEARN MORE ABOUT SEPSIS?

**ਸੈਪਸਿਸ ਅਲਾਇੰਸ (Sepsis Alliance)**
ਇਹ ਜਾਣਕਾਰੀ, ਸਿਖਿਆ ਸਮਗਰੀ, ਅਤੇ ਸਲਾਹਾਂ ਪ੍ਰਦਾਨ ਕਰਦੇ ਹਨ। ਇਨ੍ਹਾਂ ਕੋਲ ਬੱਚਿਆਂ ਨੂੰ ਸੈਪਸਿਸ ਬਾਰੇ ਸਮਝਾਉਣ ਲਈ ਰੰਗਦ-ਾਰ ਕਿਤਾਬਾਂ, ਵੀਡੀਓ ਅਤੇ ਗਾਈਡਾਂ ਹਨ। ਇਨ੍ਹਾਂ ਕੋਲ ਤੁਹਾਨੂੰ ਸੈਪਸਿਸ ਵਾਲੇ ਬੱਚਿਆਂ ਲਈ ਟੈਕਸਟ ਅਧਾਰਤ ਅਤੇ ਵਿਜ਼ੁਅਲ ਗਾਈਡਾਂ ਵੀ ਮਿਲਣਗੀਆਂ।

https://www.sepsis.org/sepsisand/children/

**ਕੈਨੇਡੀਅਨ ਸੈਪਸਿਸ ਫ਼ਾਊਂਡੇਸ਼ਨ (Canadian Sepsis Foundation)**
ਇਹ ਸੈਪਸਿਸ ਬਾਰੇ ਜਾਗਰੂਕਤਾ, ਰੋਕਥਾਮ ਅਤੇ ਸਿਹਤਯਾਬੀ ਲਈ ਚੇਤਨਾ ਪੈਦਾ ਕਰਦੇ ਹਨ।
https://www.canadiansepsisfoundation.ca/

**ਗਲੋਬਲ ਸੈਪਸਿਸ ਅਲਾਇੰਸ (Global Sepsis Alliance)**
ਇਹ ਇੱਕ ਪਰਉਪਕਾਰ ਵਾਲੀ ਸੰਸਥਾ ਹੈ ਜਿਸਦਾ ਨਿਸ਼ਾਨਾ ਦੁਨੀਆ ਵਿਚ ਸੈਪਸਿਸ ਨੂੰ ਘੱਟ ਕਰਨਾ ਹੈ। ਇਹ ਸੈਪਸਿਸ ਬਾਰੇ ਜਾਣਕਾਰੀ ਕਈ ਭਾਸ਼-ਾਵਾਂ ਵਿਚ ਦਿੰਦੇ ਹਨ।

https://www.global-sepsis-alliance.org/sepsis

### ਸੈਪਸਿਸ ਬਾਰੇ ਖੋਜ Sepsis research

ਖੋਜਕਰਤਾ ਹਾਲੀ ਵੀ ਇਹ ਖੋਜ ਕਰ ਰਹੇ ਹਨ ਕਿ ਪੋਸਟ-ਸੈਪਸਿਸ ਸਿੰਡਰੋਮ ਬੱਚਿਆਂ ਤੇ ਕਿਵੇਂ ਅਸਰ ਕਰਦਾ ਹੈ। ਕੈਨੇਡਾ ਵਿਚ ਸੈਪਸਿਸ ਦੀ ਖੋਜ ਬਾਰੇ ਜਾਣਕਾਰੀ ਲਈ ਇਹ ਸਾਈਟਾਂ ਦੇਖੋ:

**ਸੈਪਸਿਸ ਕੈਨੇਡਾ (Sepsis Canada)**

https://www.sepsiscanada.ca

**ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦਾ ਸੈਪਸਿਸ ਖੋਜ ਸਮੂਹ ਤੇ ਐਕਸ਼ਨ (The University of British Columbia Action on Sepsis Research Cluster)**

https://sepsis.ubc.ca

Provincial Health Services Authority
CHILD HEALTH BC
LEAD BENEFACTOR save on foods

# ਸੈਪਸਿਸ ਤੋਂ ਬਾਅਦ ਘਰ ਜਾਣਾ – ਚੈੱਕ ਲਿਸਟ

## GOING HOME AFTER SEPSIS: A CHECKLIST

ਸੈਪਸਿਸ ਹੋਣ ਤੋਂ ਬਾਅਦ ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ ਬੱਚੇ ਦੀ ਸਿਹਤ ਸੰਭਾਲ ਬਾਰੇ ਹਸਪਤਾਲ ਜਾਂ ਸਿਹਤ ਸੰਭਾਲ ਕੇਂਦਰ ਵਿਚੋਂ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਜਾਣਕਾਰੀ ਸਾਂਝੀ ਕਰੇਗੀ।

ਇਸ ਚੈੱਕ ਲਿਸਟ ਵਿਚ ਉਹ ਚੀਜ਼ਾਂ ਸ਼ਾਮਲ ਹਨ ਜੋ ਤੁਸੀਂ ਸਿਹਤ ਸੰਭਾਲ ਟੀਮ ਨਾਲ ਸਾਂਝੀਆਂ ਕਰਨੀਆਂ ਚਾਹੋਗੇ।

| ਆਈਟਮ | ਹਾਂ | ਨੋਟ |
|---|---|---|
| **ਤੁਹਾਡੇ ਬੱਚੇ ਦੀ ਸਿਹਤ ਸੰਭਾਲ ਟੀਮ ਇਹ ਸੁਨਿਸ਼ਚਿਤ ਕਰੇਗੀ ਕਿ ਤੁਸੀਂ ਸਮਝਦੇ ਹੋ ਕਿ:** | | |
| ਬੱਚੇ ਵਿਚ ਸੈਪਸਿਸ ਦੀ ਪਹਿਚਾਣ ਹੋਈ ਹੈ, ਕਿਸ ਕਿਸਮ ਦਾ ਸੈਪਸਿਸ ਹੈ, ਅਤੇ ਠੀਕ ਹੋਣ ਲਈ ਘਰ ਵਿਚ ਕਿੰਨਾ ਸਮਾਂ ਲੱਗੇਗਾ | ☐ | |
| ਤੁਹਾਡੇ ਬੱਚੇ ਦੀਆਂ ਬਾਅਦ ਵਿਚ ਮੁਲਾਕਾਤਾਂ ਅਤੇ ਰੈਫ਼ਰਲ ਜੋ ਬੱਚੇ ਨੂੰ ਚਾਹੀਦੇ ਹਨ | ☐ | |
| ਸੈਪਸਿਸ ਤੋਂ ਬਾਅਦ ਦੇ ਸਿੰਡਰੋਮ ਦੀਆਂ ਦੇਖਣਯੋਗ ਨਿਸ਼ਾਨੀਆਂ ਅਤੇ ਲੱਛਣ ਅਤੇ ਜੇ ਹੋਣ ਤਾਂ ਕੀ ਕਰਨਾ ਹੈ | ☐ | |
| ਧਿਆਨ ਦੇਣਯੋਗ ਜਟਿਲਤਾਵਾਂ ਅਤੇ ਜੇ ਪੈਦਾ ਹੋਣ ਤਾਂ ਕੀ ਕਰਨਾ ਹੈ | ☐ | |
| ਸਿਹਤਯਾਬੀ ਸਮੇਂ ਬੱਚੇ ਲਈ ਕੋਈ ਪਾਬੰਦੀ (ਜਿਵੇਂ ਕਿਸੇ ਸਰਗਰਮੀ ਜਾਂ ਖ਼ੁਰਾਕ ਸਬੰਧੀ ਪਾਬੰਦੀ) | ☐ | |
| ਕਿਸੇ ਇਨਫ਼ੈਕਸ਼ਨ ਅਤੇ ਸੈਪਸਿਸ ਦੇ ਖ਼ਤਰੇ ਨੂੰ ਕਿਵੇਂ ਘੱਟ ਕਰਨਾ ਅਤੇ ਕੋਈ ਵੈਕਸੀਨਜ਼ ਜੋ ਤੁਹਾਡੇ ਬੱਚੇ ਨੂੰ ਚਾਹੀਦੇ ਹਨ | ☐ | |
| ਜੇ ਬੇਨਤੀ ਕਰੋ ਤਾਂ ਸੋਸ਼ਲ ਵਰਕਰ ਦੀਆਂ ਸੇਵਾਵਾਂ ਜਾਂ ਸਵਦੇਸ਼ੀ ਜਾਂ ਆਦੀਵਾਸੀ ਸੰਪਰਕ ਵਰਕਰ ਵੱਲ ਰੈੱਫ਼ਰ ਕਰਨਾ | ☐ | |
| **ਤੁਹਾਡੀ ਸੇਵਾ ਸੰਭਾਲ ਟੀਮ ਤੁਹਾਡੇ ਪਰਵਾਰਕ ਡਾਕਟਰ ਜਾਂ ਬੱਚਿਆਂ ਦੇ ਡਾਕਟਰ ਨੂੰ ਸੰਪਰਕ ਕਰ ਕੇ ਇਹ ਜਾਣਕਾਰੀ ਸਾਂਝੀ ਕਰੇਗੀ:** | | |
| • ਤੁਹਾਡੇ ਬੱਚੇ ਵਿਚ ਸੈਪਸਿਸ ਦੀ ਪਹਿਚਾਣ ਹੋਈ ਹੈ<br>• ਸੈਪਸਿਸ ਤੋਂ ਬਾਅਦ ਦੀਆਂ ਸੰਭਾਵੀ ਜਟਲਤਾਵਾਂ | ☐ | |
| **ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਇਹ ਜਾਣਕਾਰੀ ਦੇਵੇਗੀ:** | | |
| ਹੇਠ ਲਿਖਿਆਂ ਸਮੇਤ ਤੁਹਾਡੇ ਬੱਚੇ ਦੀਆਂ ਦਵਾਈਆਂ ਬਾਰੇ ਜਾਣਕਾਰੀ:<br>• ਦਵਾਈਆਂ ਦੀ ਕਿਸਮ, ਕਿਵੇਂ ਲੈਣੀ ਹੈ, ਕਿੰਨੀ ਲੈਣੀ ਹੈ ਅਤੇ ਕਦੋਂ ਕਦੋਂ ਲੈਣੀ ਹੈ<br>• ਬੱਚੇ ਦੀਆਂ ਰੈਗੂਲਰ ਦਵਾਈਆਂ ਵਿਚ ਕੋਈ ਤਬਦੀਲੀ<br>• ਦਰਦ ਨੂੰ ਕਿਵੇਂ ਸੰਭਾਲਣਾ ਹੈ | ☐ | |
| ਬੱਚੇ ਦੇ ਡਿਸਚਾਰਜ ਦਾ ਸਾਰੰਸ਼ ਅਤੇ ਉਸ ਵਿਚਲੀ ਜਾਣਕਾਰੀ:<br>• ਤੁਹਾਡੇ ਬੱਚੇ ਵਿਚ ਸੈਪਸਿਸ ਦੀ ਪਹਿਚਾਣ ਅਤੇ ਇਨਫ਼ੈਕਸ਼ਨ ਦੀ ਕਿਸਮ<br>• ਦਰਦ ਕਾਬੂ ਕਰਨ ਲਈ<br>• ਦਵਾਈਆਂ ਜੋ ਲੈਣੀਆਂ ਹਨ<br>• ਬਾਅਦ ਦੀਆਂ ਮੁਲਾਕਾਤਾਂ ਅਤੇ ਰੈਫ਼ਰਲ<br>• ਬੱਚੇ ਦੀ ਸੈਪਸਿਸ ਦੀ ਦੇਖਭਾਲ ਬਾਰੇ ਜਿਸ ਨੂੰ ਤੁਸੀਂ ਸੰਪਰਕ ਕਰ ਸਕਦੇ ਹੋ ਉਸ ਦਾ ਨਾਮ ਅਤੇ ਸੰਪਰਕ ਜਾਣਕਾਰੀ | ☐ | |

Iniakma nang may pahintulot mula sa: Australian Commission on Safety and Quality in Health Care. Sepsis Clinical Care Standard Information para sa mga magulang, mga tagapag-alaga, at mga pamilya ng mga batang may sepsis. Sydney: ACSQHC; 2022 & Children's Health Queensland Hospital and Health Service & Action on Sepsis Research Excellence Cluster & Hamilton Health Sciences Sepsis Education Package for Patients and Families

Provincial Health Services Authority
CHILD HEALTH BC
LEAD BENEFACTOR save on foods

## ਮਰੀਜ਼ ਦਾ ਅਨੁਭਵ ਤੇ ਦੇਖਭਾਲ ਦੀ ਕੁਆਲਟੀ
## PATIENT EXPERIENCE & QUALITY OF CARE

ਤੁਸੀਂ ਅਤੇ ਤੁਹਾਡਾ ਪਰਵਾਰ ਆਪਣੇ ਬੱਚੇ ਦੀ ਦੇਖਭਾਲ ਟੀਮ ਦਾ ਹਿੱਸਾ ਹੋ। ਸਿਹਤ ਸੰਭਾਲ ਕਰਨ ਵਾਲੇ ਤੁਹਾਨੂੰ ਬੱਚੇ ਦੇ ਇਲਾਜ ਦੇ ਵਿਕਲਪਾਂ ਬਾਰੇ ਜਾਣਕਾਰੀ ਦੇਣਗੇ। ਬੱਚੇ ਦੀ ਦੇਖਭਾਲ ਦੇ ਫ਼ੈਸਲਿਆਂ ਵਿਚ ਤੁਸੀਂ ਸ਼ਾਮਲ ਹੋਵੋਗੇ।

ਜੇ ਤੁਹਾਨੂੰ ਬੱਚੇ ਦੀ ਬਿਮਾਰੀ ਬਾਰੇ ਚਿੰਤਾ ਹੈ ਤਾਂ ਆਪਣੀ ਸਿਹਤ-ਸੰਭਾਲ ਟੀਮ ਨਾਲ ਗੱਲ ਬਾਤ ਕਰੋ।

ਜੇ ਤੁਹਾਨੂੰ ਬੱਚੇ ਅਤੇ ਪਰਵਾਰ ਨੂੰ ਮਿਲ ਰਹੀ ਦੇਖਭਾਲ ਦੇ ਮਿਆਰ ਬਾਰੇ ਚਿੰਤਾ ਹੈ ਤਾਂ:

- ਪਹਿਲਾਂ ਸਿਹਤ-ਸੰਭਾਲ ਟੀਮ ਨਾਲ ਗੱਲ ਕਰੋ। ਜੇ ਸੰਭਵ ਹੋਵੇ ਤਾਂ ਆਪਣੀ ਚਿੰਤਾ ਉਸੇ ਸਮੇਂ ਅਤੇ ਥਾਂ ਤੇ ਪ੍ਰਗਟ ਕਰੋ। ਤੁਹਾਡੀ ਸਿਹਤ ਸੰਭਾਲ ਟੀਮ ਇਸ ਤਰ੍ਹਾਂ ਜ਼ਿਆਦਾਤਰ ਚਿੰਤਾਵਾਂ ਦੂਰ ਕਰ ਸਕਦੀ ਹੈ।
- ਜੇ ਸਿਹਤ ਸੰਭਾਲ ਟੀਮ ਨਾਲ ਗੱਲ ਬਾਤ ਕਰਨ ਤੋਂ ਬਾਅਦ ਵੀ ਤੁਹਾਨੂੰ ਚਿੰਤਾ ਹੈ ਤਾਂ ਲੋਕਲ ਪੇਸ਼ੈਂਟ ਕੇਅਰ ਕੁਆਲਿਟੀ ਦੇ ਦਫ਼ਤਰ (ਪੀ. ਸੀ.ਕਿਊ.ਓ.) ਨੂੰ ਸੰਪਰਕ ਕਰੋ।

ਪੀ.ਸੀ.ਕਿਊ.ਓ. ਤੁਹਾਡੀਆਂ ਸ਼ੁੱਭ ਇੱਛਾਵਾਂ ਵੀ ਸਵੀਕਾਰ ਕਰਦਾ ਹੈ ਅਤੇ ਇਨ੍ਹਾਂ ਸ਼ੁੱਭ ਵਿਚਾਰਾਂ ਨੂੰ ਪ੍ਰੋਗਰਾਮ ਵਿਚ ਭੇਜਦਾ ਹੈ ਅਤੇ ਸੁਨਿਸ਼ਚਿਤ ਕਰਦਾ ਹੈ ਕਿ ਚੰਗੀ ਸੇਵਾ ਕਰਨ ਵਾਲੇ ਸਬੰਧਿਤ ਸਟਾਫ਼ ਦਾ ਮਾਨ ਸਤਿਕਾਰ ਕੀਤਾ ਜਾਏ।

- ਤੁਹਾਡੇ ਵਿਚਾਰਾਂ ਨੂੰ ਸਵੀਕਾਰ ਅਤੇ ਰਿਕਾਰਡ ਕਰ ਸਕਦੇ ਹਨ,
- ਤੁਹਾਡੀ ਸਿਹਤ ਸੰਭਾਲ ਟੀਮ ਵੱਲੋਂ ਦਿੱਤੀ ਜਾ ਰਹੀ ਸਿਹਤ ਸੰਭਾਲ ਦੇ ਮਿਆਰ ਬਾਰੇ ਚਿੰਤਾਵਾਂ ਨੂੰ ਦੂਰ ਕਰਨ ਵਿਚ ਮਦਦ ਕਰ ਸਕਦੇ ਹਨ ਅਤੇ
- ਭਵਿੱਖ ਵਿਚ ਮਰੀਜ਼ਾਂ ਦੀਆਂ ਸੇਵਾਵਾਂ ਵਿਚ ਸੁਧਾਰ ਕਰ ਸਕਦੇ ਹਨ

ਪੀ.ਸੀ.ਕਿਊ.ਓ. ਤੁਹਾਡੀਆਂ ਸ਼ੁੱਭ ਇੱਛਾਵਾਂ ਵੀ ਸਵੀਕਾਰ ਕਰਦਾ ਹੈ ਅਤੇ ਇਨ੍ਹਾਂ ਸ਼ੁੱਭ ਵਿਚਾਰਾਂ ਨੂੰ ਪ੍ਰੋਗਰਾਮ ਵਿਚ ਭੇਜਦਾ ਹੈ ਅਤੇ ਸੁਨਿਸ਼ਚਿਤ ਕਰਦਾ ਹੈ ਕਿ ਚੰਗੀ ਸੇਵਾ ਕਰਨ ਵਾਲੇ ਸਬੰਧਿਤ ਸਟਾਫ਼ ਦਾ ਮਾਨ ਸਤਿਕਾਰ ਕੀਤਾ ਜਾਏ।

ਹਰ ਇੱਕ ਹੈਲਥ ਅਥਾਰਿਟੀ ਦਾ ਆਪਣਾ ਪੀ.ਸੀ.ਕਿਊ.ਓ. ਹੁੰਦਾ ਹੈ। ਕਿਰਪਾ ਕਰ ਕੇ ਆਪਣੇ ਇਲਾਕੇ ਦੇ ਦਫ਼ਤਰ ਨੂੰ ਸੰਪਰਕ ਕਰੋ। ਹੇਠਾਂ ਦਿੱਤੀਆਂ ਵੈੱਬਸਾਈਟਾਂ ਤੋਂ ਤੁਹਾਨੂੰ ਹੋਰ ਜ਼ਿਆਦਾ ਜਾਣਕਾਰੀ ਮਿਲ ਸਕਦੀ ਹੈ ਕਿ ਪੀ.ਸੀ.ਕਿਊ.ਓ. ਨੂੰ ਸੰਪਰਕ ਕਰਨ ਤੋਂ ਬਾਅਦ ਤੁਸੀਂ ਕੀ ਉਮੀਦ ਕਰ ਸਕਦੇ ਹੋ।

### ਹੈਲਥ ਅਥਾਰਟੀ ਦੀਆਂ ਵੈੱਬਸਾਈਟਾਂ ਅਤੇ ਸੰਪਰਕ ਜਾਣਕਾਰੀ

Patient Care Quality Office Fraser Health Authority

Patient Care Quality Office Interior Health

Patient Care Quality Office Island Health

Patient Care Quality Office Northern Health

Patient Care Quality Office Provincial Health Services Authority (PHSA) BC Children's Hospital

Patient Care Quality Office Vancouver Coastal Health

### ਬ੍ਰਿਟਿਸ਼ ਕੋਲੰਬੀਆ ਦੀ ਮੇਟਿਸ ਨੇਸ਼ਨ

The Métis Nation British Columbia Health Experience Program ਬੀ.ਸੀ. ਵਿਚ ਮੇਟਿਸ ਨੇਸ਼ਨ ਦੇ ਵਿਅਕਤੀਆਂ, ਪਰਵਾਰਾਂ ਅਤੇ ਭਾਈਚਾਰਿਆਂ ਦੇ ਸਿਹਤ ਸੰਭਾਲ ਬਾਰੇ ਵਿਚਾਰਾਂ ਨੂੰ ਪ੍ਰਗਟ ਕਰਨ ਵਿਚ ਮਦਦ ਕਰਦਾ ਹੈ। ਇਹ ਪ੍ਰੋਗਰਾਮ ਹਰ ਕਿਸਮ ਦੇ ਸਿਹਤ ਅਨੁਭਵਾਂ ਨੂੰ ਮੇਟਿਸ ਦੀ ਬੋਲ ਚਾਲ ਵਿਚ ਸੁਰੱਖਿਅਤ ਥਾਂ ਮੁਹੱਈਆ ਕਰਦਾ ਹੈ ਅਤੇ ਕਹਾਣੀਆਂ ਦੁਆਰਾ ਤਬਦੀਲੀਆਂ ਲਈ ਸਿਫ਼ਾਰਸ਼ ਕਰਦਾ ਹੈ, ਅਤੇ ਸੁਨਿ-ਸ਼ਚਿਤ ਕਰਦਾ ਹੈ ਕਿ ਮੇਟਿਸ ਨੂੰ ਸਿਹਤ ਸੁਵਿਧਾਵਾਂ ਵਿਚ ਨੁਮਾਇੰਦਗੀ ਮਿਲੇ।

Provincial Health Services Authority

CHILD HEALTH BC
LEAD BENEFACTOR save on foods